## ਪਾਠ – 4
## ਸ੍ਰੀ ਗੁਰੂ ਅਰਜਨ ਦੇਵ ਜੀ (ਲੇਖਕ-ਡਾ. ਹਰਜਿੰਦਰ ਕੌਰ)

### 1. ਪ੍ਰਸ਼ਨ/ ਉੱਤਰ



**ਪ੍ਰਸ਼ਨ ੳ. ਗੁਰੂ ਅਰਜਨ ਦੇਵ ਜੀ ਦਾ ਜਨਮ ਕਦੋਂ ਹੋਇਆ? ਉਨ੍ਹਾਂ ਦੇ ਮਾਤਾ-ਪਿਤਾ ਦਾ ਕੀ ਨਾਂ ਸੀ?**

ਉੱਤਰ : ਗੁਰੂ ਅਰਜਨ ਦੇਵ ਜੀ ਦਾ ਜਨਮ 15 ਅਪ੍ਰੈਲ 1563 ਈ. ਨੂੰ ਹੋਇਆਂ। ਉਨ੍ਹਾਂ ਦੇ ਪਿਤਾ ਜੀ ਦਾ ਨਾਂ ਗੁਰੂ ਰਾਮ ਦਾਸ ਜੀ ਅਤੇ ਮਾਤਾ ਜੀ ਦਾ ਨਾਂ ਬੀਬੀ ਭਾਨੀ ਸੀ।

**ਪ੍ਰਸ਼ਨ ਅ. ਗੁਰੂ ਅਰਜਨ ਦੇਵ ਜੀ ਨੇ ਮੁੱਢਲੀ ਵਿੱਦਿਆ ਕਿੱਥੋ ਪ੍ਰਾਪਤ ਕੀਤੀ?**

ਉੱਤਰ : ਗੁਰੂ ਅਰਜਨ ਦੇਵ ਜੀ ਨੇ ਮੁੱਢਲੀ ਵਿੱਦਿਆ ਬਾਬਾ ਬੁੱਢਾ ਜੀ ਤੋਂ ਪ੍ਰਾਪਤ ਕੀਤੀ।

**ਪ੍ਰਸ਼ਨ ੲ. ਗੁਰੂ ਅਰਜਨ ਦੇਵ ਜੀ ਨੂੰ 'ਦੋਹਿਤਾ ਬਾਣੀ ਕਾ ਬੋਹਿਥਾ' ਦਾ ਵਰ ਕਿਸ ਨੇ ਦਿੱਤਾ ਅਤੇ ਆਪ ਇਸ ਕਥਨ ਉੱਤੇ ਕਿਵੇਂ ਖਰੇ ਉੱਤਰੇ?**

ਉੱਤਰ : ਗੁਰੂ ਅਰਜਨ ਦੇਵ ਜੀ ਨੂੰ 'ਦੋਹਿਤਾ ਬਾਣੀ ਕਾ ਬੋਹਿਥਾ' ਦਾ ਵਰ ਆਪ ਦੇ ਨਾਨਾ ਗੁਰੂ ਅਮਰਦਾਸ ਜੀ ਨੇ ਦਿੱਤਾ। ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਕੁੱਲ 5894 ਸ਼ਬਦਾਂ ਵਿੱਚੋਂ 2218 ਦੀ ਰਚਨਾ ਕਰ ਕੇ ਆਪ ਇਸ ਕਥਨ ਉੱਤੇ ਖਰੇ ਉੱਤਰੇ।

**ਪ੍ਰਸ਼ਨ ਸ. ਗੁਰੂ ਅਰਜਨ ਦੇਵ ਜੀ ਦੀ ਸ਼ਾਹਕਾਰ ਰਚਨਾ ਕਿਹੜੀ ਹੈ? ਉਸ ਬਾਰੇ ਕੁੱਝ ਸਤਰਾਂ ਲਿਖੋ।**

ਉੱਤਰ : 'ਸੁਖਮਨੀ' ਗੁਰੂ ਅਰਜਨ ਦੇਵ ਜੀ ਦੀ ਸ਼ਾਹਕਾਰ ਰਚਨਾ ਹੈ। ਇਸ ਵਿੱਚ ਬਹੁਤ ਸਰਲ ਢੰਗ ਨਾਲ਼ ਨਾਮ ਸਿਮਰਨ, ਸੰਤ, ਭਗਤ ਬ੍ਰਹਮ-ਗਿਆਨੀ ਤੇ ਜੀਵਨ-ਜੁਗਤ ਆਦਿ ਸੰਬਧੀ ਵਿਚਾਰ ਪੇਸ਼ ਕੀਤੇ ਗਏ ਹਨ ।

**ਪ੍ਰਸ਼ਨ ਹ. ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਦਾ ਕੰਮ ਕਿਸ ਨੇ ਕੀਤਾ ਅਤੇ ਇਹ ਕਾਰਜ ਕਦੋਂ ਸੰਪੂਰਨ ਹੋਇਆ?**

ਉੱਤਰ : ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਦਾ ਕੰਮ ਗੁਰੂ ਅਰਜਨ ਦੇਵ ਜੀ ਨੇ ਕੀਤਾ ਅਤੇ ਇਹ ਕਾਰਜ 1604 ਈ. ਵਿੱਚ ਸੰਪੂਰਨ ਹੋਇਆ।

**ਪ੍ਰਸ਼ਨ ਕ. ਸ੍ਰੀ ਹਰਿਮੰਦਰ ਸਾਹਿਬ ਦੀ ਨੀਂਹ ਕਿਸ ਤੋਂ ਅਤੇ ਕਦੋਂ ਰਖਵਾਈ ਗਈ?**

ਉੱਤਰ : ਸ੍ਰੀ ਹਰਿਮੰਦਰ ਸਾਹਿਬ ਦੀ ਨੀਂਹ ਸਾਈਂ ਮੀਆ ਮੀਰ ਤੋਂ 1588 ਈ. ਵਿੱਚ ਰਖਵਾਈ ਗਈ।

**ਪ੍ਰਸ਼ਨ ਖ. ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਕਿਹੜੇ-ਕਿਹੜੇ ਭਗਤਾਂ ਦੀ ਬਾਣੀ ਹੈ? ਕਿਸੇ ਪੰਜ ਦੇ ਨਾਂ ਲਿਖੋ।**

ਉੱਤਰ : ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਭਗਤ ਕਬੀਰ ਜੀ, ਭਗਤ ਰਾਮਾਨੰਦ ਜੀ, ਭਗਤ ਬੇਣੀ ਜੀ, ਭਗਤ ਨਾਮਦੇਵ ਜੀ ਅਤੇ ਭਗਤ ਸਧਨਾ ਜੀ ਦੀ ਬਾਣੀ ਦਰਜ ਹੈ।



**ਪ੍ਰਸ਼ਨ ਗ. ਗੁਰੂ ਅਰਜਨ ਦੇਵ ਜੀ ਨੇ ਜਨਤਕ ਭਲਾਈ ਦੇ ਕਿਹੜੇ-ਕਿਹੜੇ ਕੰਮ ਕੀਤੇ?**

ਉੱਤਰ : ਗੁਰੂ ਅਰਜਨ ਦੇਵ ਜੀ ਨੇ ਜਨਤਕ ਭਲਾਈ ਲਈ ਸੰਤੋਖਸਰ ਤੇ ਰਾਮਸਰ ਵਿਖੇ ਸਰੋਵਰ ਬਣਵਾਏ, ਤਰਨ ਤਾਰਨ ਨਗਰ ਵਸਾ ਕੇ ਉਸ ਵਿੱਚ ਕੋੜ੍ਹੀਆਂ ਲਈ ਹਸਪਤਾਲ ਖੋਲ੍ਹਿਆ, ਲਾਹੌਰ ਵਿੱਚ ਬਾਉਲੀ ਬਣਵਾਈ, ਦਸਵੰਦ ਦੀ ਪ੍ਰਥਾ ਆਰੰਭ ਕੀਤੀ ਅਤੇ ਕਾਬਲ, ਕੰਧਾਰ ਤੇ ਢਾਕੇ ਤੱਕ ਵਪਾਰ ਦੇ ਕੰਮ ਨੂੰ ਉਤਸ਼ਾਹ ਦਿੱਤਾ।

**ਪ੍ਰਸ਼ਨ ਘ. ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਬਾਰੇ ਚਾਨਣਾ ਪਾਓ।**

ਉੱਤਰ : ਗੁਰੂ ਅਰਜਨ ਦੇਵ ਜੀ ਸ਼ਾਂਤੀ ਅਤੇ ਧਰਮ ਲਈ ਕੁਰਬਾਨੀ ਦੇ ਪੁੰਜ ਸਨ। ਇਸਲਾਮ ਧਰਮ ਕਬੂਲ ਨਾ ਕਰਨ ਕਰਕੇ ਮੁਗ਼ਲ ਹਕੂਮਤ ਨੇ ਆਪ ਨੂੰ ਅਸਹਿ ਤਸੀਹੇ ਦਿੱਤੇ। ਆਪ ਨੂੰ ਤੱਤੀ ਤਵੀ ਉੱਤੇ ਬਿਠਾ ਕੇ ਸੀਸ ਉੱਤੇ ਤੱਤੀ ਰੇਤ ਪਾਈ ਗਈ। ਅੰਤ ਆਪ ਪ੍ਰਭੂ ਦੇ ਭਾਣੇ ਵਿੱਚ ਅਡੋਲ ਰਹਿੰਦੇ ਹੋਏ ਸ਼ਹੀਦੀ ਪ੍ਰਾਪਤ ਕਰ ਗਏ।

### 2. ਔਖੇ ਸ਼ਬਦਾਂ ਦੇ ਅਰਥ :

| | | |
|---|---|---|
| ਵਿਰਸਾ | : | ਵੱਡੇ-ਵਡੇਰਿਆਂ ਦੀ ਉਹ ਜਾਇਦਾਦ ਜੋ ਅਗਲੀ ਪੀੜੀ ਨੂੰ ਮਿਲੇ |
| ਬਖ਼ੂਬੀ | : | ਬਹੁਤ ਚੰਗੀ ਤਰ੍ਹਾਂ |
| ਉਪਰਾਮ | : | ਉਦਾਸ, ਉਚਾਟ |
| ਮਨਸੂਬਾ | : | ਇਰਾਦਾ, ਮਨਸ਼ਾ |
| ਵੰਨਗੀਆਂ | : | ਨਮੂਨੇ, ਕਿਸਮਾਂ |
| ਹਿਰਦੇਵੇਧਕ | : | ਦਿਲ ਨੂੰ ਵਿੰਨ੍ਹ ਜਾਣ ਵਾਲ਼ੀ, ਦੁਖਾਵੀਂ |
| ਸਰਤਾਜ | : | ਸਿਰ ਦਾ ਮੁਕਟ, ਮੁਖੀਆ, ਪ੍ਰਧਾਨ |
| ਪੁੰਜ | : | ਸਮੂਹ, ਢੇਰ |
| ਬਾਉਲ਼ੀ | : | ਉਹ ਖੂਹ ਜਿਸ ਵਿੱਚ ਪਾਣੀ ਤੱਕ ਪਹੁੰਚਣ ਲਈ ਇੱਟਾਂ ਜਾਂ ਪੱਥਰ ਦੀਆਂ ਪੌੜੀਆਂ ਬਣੀਆਂ ਹੋਣ |
| ਤਸੀਹੇ | : | ਤਕਲੀਫ਼ਾਂ, ਕਸ਼ਟ |

ਲਾਹੌਰ : ਇੱਕ ਸ਼ਹਿਰ ਦਾ ਨਾਂ ਜੋ ਅੱਜ-ਕੱਲ੍ਹ ਪਾਕਿਸਤਾਨ 'ਚ ਹੈ।

**3. ਵਾਕਾਂ ਵਿੱਚ ਵਰਤੋਂ :**

1. **ਜੀਵਨ-ਜਾਚ** (ਜੀਵਨ ਗੁਜ਼ਾਰਨ ਦਾ ਢੰਗ)- ਗੁਰਬਾਣੀ ਮਨੁੱਖ ਨੂੰ ਉੱਚੀ-ਸੁੱਚੀ ਜੀਵਨ-ਜਾਚ ਦਾ ਰਾਹ ਵਿਖਾਉਂਦੀ ਹੈ।
2. **ਸ਼ਾਹਕਾਰ ਰਚਨਾ** (ਮਹਾਨ ਕਿਰਤ)- 'ਸੁਖਮਨੀ' ਗੁਰੂ ਅਰਜਨ ਦੇਵ ਜੀ ਦੀ ਸ਼ਾਹਕਾਰ ਰਚਨਾ ਹੈ।
3. **ਵੱਡ-ਅਕਾਰੀ** (ਵੱਡੇ ਅਕਾਰ ਵਾਲ਼ੀ )- ਸ੍ਰੀ ਗੁਰੂ ਗ੍ਰੰਥ ਸਾਹਿਬ ਇੱਕ ਵੱਡ-ਅਕਾਰੀ ਧਰਮ ਗ੍ਰੰਥ ਹੈ।
4. **ਮੁਹਾਰਤ** (ਨਿਪੁੰਨਤਾ )- ਲਗਾਤਾਰ ਅਭਿਆਸ ਕਰਨ ਨਾਲ਼ ਬੰਦਾ ਕਿਸੇ ਵੀ ਕੰਮ ਵਿੱਚ ਚੰਗੀ ਮੁਹਾਰਤ ਹਾਸਲ ਕਰ ਸਕਦਾ ਹੈ।
5. **ਯੋਗਦਾਨ** (ਹਿੱਸਾ,ਦੇਣ)- ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਰਚਨਾ ਵਿੱਚ ਗੁਰੂ ਅਰਜਨ ਦੇਵ ਜੀ ਦਾ ਯੋਗਦਾਨ ਬੇਮਿਸਾਲ ਹੈ।
6. **ਸ਼ਹਾਦਤ** (ਕੁਰਬਾਨੀ, ਸ਼ਹੀਦੀ)- ਗੁਰੂ ਤੇਗ਼ ਬਹਾਦਰ ਜੀ ਦੀ ਸ਼ਹਾਦਤ ਇੱਕ ਮਿਸਾਲ ਹੈ।
7. **ਅਡੋਲ** (ਨਾ ਡੋਲਣਾ, ਦ੍ਰਿੜ ਰਹਿਣਾ)- ਗੁਰੂ ਅਰਜਨ ਦੇਵ ਜੀ ਤੱਤੀ ਤਵੀ 'ਤੇ ਬੈਠ ਕੇ ਵੀ ਅਡੋਲ ਰਹੇ।

**4. ਵਿਆਕਰਨ :**

**ਲਿੰਗ :** ਸ਼ਬਦਾਂ ਦੇ ਜਿਸ ਰੂਪ ਤੋਂ ਜ਼ਨਾਨੇ ਅਤੇ ਮਰਦਾਵੇਂ ਭੇਦ ਦਾ ਪਤਾ ਲਗਦਾ ਹੈ, ਉਸ ਨੂੰ 'ਲਿੰਗ' ਕਿਹਾ ਜਾਂਦਾ ਹੈ।
ਲਿੰਗ ਸ਼ਬਦ ਦੋ ਪ੍ਰਕਾਰ ਦੇ ਹਨ :

**ਪਲਿੰਗ –** ਪੁਲਿੰਗ ਸ਼ਬਦਾਂ ਤੋਂ ਉਨ੍ਹਾਂ ਦੇ ਮਰਦਾਨੇ ਰੂਪ ਦਾ ਪਤਾ ਲਗਦਾ ਹੈ। ਜਿਵੇਂ- ਮੁੰਡਾ, ਆਦਮੀ, ਮੱਝ, ਤੋਤਾ, ਸ਼ੇਰ, ਹਾਥੀ ਅਤੇ ਘੋੜਾ ਆਦਿ।

**ਇਸਤਰੀ ਲਿੰਗ –** ਇਸਤਰੀ ਲਿੰਗ ਸ਼ਬਦਾਂ ਤੋਂ ਉਨ੍ਹਾਂ ਦੇ ਜ਼ਨਾਨੇ ਰੂਪ ਦਾ ਪਤਾ ਲਗਦਾ ਹੈ, ਜਿਵੇਂ- ਕੁੜੀ, ਤੀਵੀਂ, ਝੋਟੀ, ਤੋਤੀ, ਸ਼ੇਰਨੀ, ਹਥਨੀ ਤੇ ਘੋੜੀ ਆਦਿ।

**ਹੇਠ ਲਿਖੇ ਵਾਕਾਂ ਵਿੱਚੋਂ ਨਾਂਵ ਸ਼ਬਦਾਂ ਦੇ ਲਿੰਗ ਬਦਲੋ ਤੇ ਵਾਕ ਦੁਬਾਰਾ ਲਿਖੋ :**

1. **ਮੇਰੀ ਭੈਣ ਪਿੰਡ ਵੱਲ ਦੇਖ ਰਹੀ ਸੀ।**
   ਮੇਰਾ ਭਰਾ ਪਿੰਡ ਵੱਲ ਦੇਖ ਰਿਹਾ ਸੀ।
2. **ਗੱਭਰੂ ਟੋਲੀਆਂ ਬਣਾ ਕੇ ਘੁੰਮਦੇ ਆਮ ਦਿਖਾਈ ਦਿੰਦੇ ਹਨ।**
   ਮੁਟਿਆਰਾਂ ਟੋਲੀਆਂ ਬਣਾ ਕੇ ਘੁੰਮਦੀਆਂ ਆਮ ਦਿਖਾਈ ਦਿੰਦੀਆਂ ਹਨ।
3. **ਵਿਦਿਆਰਥੀ ਅਤੇ ਅਧਿਆਪਕ ਉਸ ਦੀ ਤੀਖਣ ਬੁੱਧੀ ਤੋਂ ਬਹੁਤ ਪ੍ਰਭਾਵਿਤ ਸਨ।**
   ਵਿਦਿਆਰਥਣਾਂ ਤੇ ਅਧਿਆਪਕਾਵਾਂ ਉਸ ਦੀ ਤੀਖਣ ਬੁੱਧੀ ਤੋਂ ਬਹੁਤ ਪ੍ਰਭਾਵਿਤ ਸਨ।
4. **ਉਸ ਦਾ ਪਿਤਾ ਪਹਿਲਾਂ ਦਿੱਲੀ ਰਹਿੰਦਾ ਸੀ।**
   ਉਸ ਦੀ ਮਾਤਾ ਪਹਿਲਾਂ ਦਿੱਲੀ ਵਿੱਚ ਰਹਿੰਦੀ ਸੀ ।

**ਦਸ ਗੁਰੂਆਂ ਦੇ ਨਾਂ ਕ੍ਰਮਵਾਰ ਲਿਖੋ।**

1. ਸ੍ਰੀ ਗੁਰੂ ਨਾਨਕ ਦੇਵ ਜੀ
2. ਸ੍ਰੀ ਗੁਰੂ ਅੰਗਦ ਦੇਵ ਜੀ
3. ਸ੍ਰੀ ਗੁਰੂ ਅਮਰਦਾਸ ਜੀ
4. ਸ੍ਰੀ ਗੁਰੂ ਰਾਮਦਾਸ ਜੀ
5. ਸ੍ਰੀ ਗੁਰੂ ਅਰਜਨ ਦੇਵ ਜੀ
6. ਸ੍ਰੀ ਗੁਰੂ ਹਰਗੋਬਿੰਦ ਜੀ
7. ਸ੍ਰੀ ਗੁਰੂ ਹਰਿਰਾਇ ਜੀ
8. ਸ੍ਰੀ ਗੁਰੂ ਹਰਕ੍ਰਿਸ਼ਨ ਜੀ
9. ਸ੍ਰੀ ਗੁਰੂ ਤੇਗ਼ ਬਹਾਦਰ ਜੀ
10. ਸ੍ਰੀ ਗੁਰੂ ਗੋਬਿੰਦ ਸਿੰਘ ਜੀ

